ਸਵ. ਸ. ਹਰਨੇਕ ਸਿੰਘ ਰੋਡੇ ਦੀ ਪੁਸਤਕ 'ਮੋਗਾ ਬੋਲਦਾ ਹੈ' ਦਾ ਅੱਠਵਾਂ ਕਾਂਢ ਪ੍ਰਕਾਸ਼ਿਤ ਕਰ ਰਹੇ ਹਾਂ। ਇਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਪੁਸਤਕ 'ਮੋਗਾ ਬੋਲਦਾ ਹੈ' 2004 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਲਈ ਇਸ ਪੁਸਤਕ ਵਿੱਚ ਬਿਆਨ ਸਥਾਨ, ਜਗ੍ਹਾ ਤੇ ਇਮਾਰਤਾਂ ਬਾਰੇ 2004 ਅਨੁਸਾਰ ਹੀ ਲਿਖਿਆ ਗਿਆ ਹੈ। ਉਸ ਤੋਂ ਬਾਅਦ ਵਿੱਚ ਮੋਗਾ ਜ਼ਿਲ੍ਹੇ ਦੀਆਂ ਹੋਈਆਂ ਤਬਦੀਲੀਆਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਜਾਂ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਪੁਸਤਕ ਵਿੱਚ ਪ੍ਰਕਾਸ਼ਿਤ ਲੇਖਕ ਦੇ ਆਪਣੇ ਨਿੱਜੀ ਵਿਚਾਰ ਅਸੀਂ ਇਸ ਪੁਸਤਕ ਨੂੰ ਬਿਨਾਂ ਕਿਸੇ ਕਾਟ-ਸ਼ਾਟ ਦੇ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ

ਮੋਗਾ ਬੋਲਦਾ ਹੈ

ਕਾਂਡ ਨੰ. 8

ਲੇਖਕ: ਸ. ਹਰਨੇਕ ਸਿੰਘ ਰੋਡੇ

ਪੇਸ਼ਕਸ਼: ਢਾਡੀ ਸਾਧੂ ਸਿੰਘ ਧੰਮੂ (ਮੋ. 98143-71922)

ਮੋਗਾ ਗਿੱਲ ਦਾ ਮੁੱਢਲਾ ਇਤਿਹਾਸ

ਇਸ ਦਾ ਅੱਗੇ ਪੁੱਤਰ ਵਧਣ ਹੋਇਆ। ਜਿਸ ਨੂੰ ਪਿਤਾ ਪੁਰਖੀ ਚੌਧਰ ਪ੍ਰਾਪਤ ਹੋਈ। ਇਸ ਦੀ ਚੌਧਰ ਸੂਰਬੀਰਤਾ ਵਿਚ ਬਦਲ ਗਈ ਜਦੋਂ ਇਸ ਨੇ ਦੂਰ-ਦੂਰ ਤੱਕ ਆਪਣੀ ਧਾਂਕ ਜਮਾਈ। ਇਸ ਦੀ ਸਿੱਧੂ ਭੱਟੀਆਂ ਦੇ ਚੌਧਰੀਆਂ ਨਾਲ ਸਦਾ ਲੜਾਈ ਹੀ ਰਹਿੰਦੀ ਸੀ। ਇਹ ਆਪਣੇ ਬਜ਼ੁਰਗਾਂ ਨਾਲ ਭੱਟੀਆਂ, ਸਿੱਧੂਆਂ ਦੀਆਂ ਹੋਈਆਂ ਲੜਾਈਆਂ ਦਾ ਬਦਲਾ ਲੈਣ ਲਈ ਇਹਨਾਂ ਨਾਲ ਇੱਟ ਖੜਿੱਕਾ ਲੈਂਦਾ ਹੀ ਰਹਿੰਦਾ ਸੀ। ਇਸ ਵਧਣ ਗਿੱਲ ਨੇ ਆਪਣੀ ਪੁਰਾਣੀ ਸ਼ਾਹੀ ਸਲਤਨਤ ਵਾਂਗੂੰ ਆਪਣੀ ਧਾਂਕ ਜਮਾਈ ਅਤੇ ਆਪਣੀ ਚੌਧਰ ਦਾ ਸਿੱਕਾ ਚਲਾਇਆ। ਇਸ ਚੌਧਰੀ ਦੀ ਧਾਂਕ ਅੱਜ ਤੱਕ ਬਰਕਰਾਰ ਹੈ। ਅੱਜ ਵੀ ਮੋਗੇ ਜ਼ਿਲ੍ਹੇ ਵਿਚ ਵਧਣ ਗਿੱਲ ਆਪਣੇ ਜਾਹੋ ਜਲਾਲ ਵਿਚ ਹਨ। ਵਧਣ ਗਿੱਲਾਂ ਨੇ ਆਪਣੀ ਚੌਧਰ ਨੂੰ ਦੂਰ-ਦੂਰ ਤੱਕ ਫੈਲਾਇਆ।

ਇਹ ਵਧਣ ਗਿੱਲ ਮੋਗੇ ਦੇ ਇਲਾਕੇ ਵਿਚ ਸੋਲ੍ਹਵੀਂ ਸਦੀ ਦੇ ਇਰਦ-ਗਿਰਦ ਵਸੇ ਸਨ। ਇਹਨਾਂ ਦੀਆਂ ਮੁੱਖ ਰਿਹਾਇਸ਼ਗਾਹਾਂ ਟਾਂਡਾ ਮੀਂਡਾ ਅਤੇ ਰਾਜਿਆਣਾ ਸਨ। ਗਿੱਲਾਂ ਅਤੇ ਸੰਘਰ ਬੈਰਾੜ ਕਿਆਂ ਦੀਆਂ ਨਿੱਤ ਦਿਨ ਲੜਾਈਆਂ ਹੁੰਦੀਆਂ ਰਹਿੰਦੀਆਂ ਸਨ। ਟਾਂਡੇ ਮੀਂਡੇ ਦੀ ਲੜਾਈ ਵਿਚ ਬੈਰਾੜ ਕੇ ਇਹਨਾਂ ਦੇ ਖਿਲਾਫ਼ ਲੜੇ ਸਨ।

ਇਹ ਵਧਣ ਗਿੱਲ ਵਰਯਾਹ ਰਾਜਪੂਤਾਂ ਨਾਲ ਵੀ ਸਬੰਧ ਰੱਖਦੇ ਹਨ ਅਤੇ ਵਧਣ ਸਰੋਆ ਰਾਜਪੂਤਾਂ ਨਾਲ ਵੀ। ਇਹ ਗੋਤ ਬਹੁਤ ਪ੍ਰਸਿੱਧੀ ਪ੍ਰਾਪਤ ਗੋਤ ਹੈ। ਇਸ ਗੋਤ ਵਿਚ ਦਲਿਤ ਜਾਤੀਆਂ ਵੀ ਹਨ। ਇਸ ਗੋਤ ਦੇ ਜੱਟ + ਮਜ਼ਬੀ ਸਿੱਖ ਪੰਜਾਬ ਦੇ ਦੋ ਵੱਡੇ ਭਾਈਚਾਰੇ ਹਨ।

ਇਸ ਦੇ ਅੱਗੇ ਪ੍ਰਚੰਦ ਵਧਣ ਗਿੱਲ ਅਤੇ ਕੁੱਲ ਚੰਦ ਵਧਣ ਗਿੱਲ ਹੋਏ ਹਨ। ਪਿਤਾ ਪੁਰਖੀ ਚੌਧਰ ਪ੍ਰਚੰਦ ਵਧਣ ਨੂੰ ਹੀ ਮਿਲੀ। ਪ੍ਰਚੰਦ ਸੀਤਲ ਸੁਭਾਅ ਕਰਕੇ ਮਸ਼ਹੂਰ ਸੀ। ਇਸ ਦੇ ਸੀਤਲ ਸੁਭਾਅ ਨੇ ਇਸ ਨੂੰ ਆਪਣੀ ਬੰਸ ਵਿਚ ਮਸ਼ਹੂਰ ਕੀਤਾ ਤੇ ਪ੍ਰਫੁੱਲਤਾ ਕਰਨ ਵਿਚ ਸਹਾਈ ਹੋਇਆ। ਪ੍ਰਚੰਦ ਦਾ ਇਕ ਭਾਈ ਕੁੱਲਚੰਦ ਸੀ। ਇਸਦੀ ਬੰਸ ਕਿੰਨੀ ਵਧੀ, ਕਿੱਧਰ ਗਏ ਇਸ ਬਾਰੇ ਕੋਈ ਪਤਾ ਨਹੀਂ ਚੱਲਿਆ।

ਮੋਕਲ ਰਾਇ ਇਸ ਬੰਸ ਾਦ ਅਗਲਾ ਚੌਧਰੀ ਹੋਇਆ। ਜਿਸਨੂੰ ਚੌਧਰ ਦੀ ਦਸਤਾਰ ਪ੍ਰਾਪਤ ਹੋਈ। ਇਹ ਗਿੱਲ ਘਰਾਣਾ ਸਦੀਆਂ ਤੋਂ ਸ਼ਾਹੀ ਘਰਾਣਾ ਚੱਲਿਆ ਆਉਂਦਾ ਸੀ। 1010 ਤੱਕ ਇਸ ਘਰਾਣੇ ਦਾ ਬਠਿੰਡੇ 'ਤੇ ਰਾਜ ਰਿਹਾ। ਇਸ ਬੰਸ ਦਾ ਆਖ਼ਰੀ ਰਾਜਾ ਜੈਪਾਲ ਹੋਇਆ। ਜਿਸਨੂੰ ਮਹਿਮੂਦ ਨੇ ਲੜਾਈ ਵਿਚ ਮਾਰ ਦਿੱਤਾ ਸੀ। ਬਠਿੰਡੇ ਤੋਂ ਉੱਜੜ ਕੇ ਇਹ ਗਿੱਲ ਖਾਨਦਾਨ ਨਿਵਾਣਾਂ ਵੱਲ ਵਧਿਆ ਅਤੇ ਬਾਦਸ਼ਾਹੀ ਤੋਂ ਫਿਰ ਚੌਧਰਾਂ ਦੀ ਦਸਤਾਰ ਇਸਨੇ ਬਰਕਰਾਰ ਹੀ ਰੱਖੀ। ਬੇਸ਼ੱਕ ਬਾਦਸ਼ਾਹੀ ਇਸਦੇ ਹੱਥੋਂ ਨਿੱਕਲ ਗਈ ਪਰ ਇਸਦੀ ਸ਼ਾਨੋ-ਸ਼ੌਕਤ, ਧੜੱਲੇਦਾਰੀ ਅਤੇ ਸੂਰਬੀਰਤਾ ਦੀ ਧਾਂਕ ਅਜੇ ਵੀ ਚੱਲਦੀ ਸੀ। ਇਸ ਮੋਕਲ ਰਾਇ ਨੇ ਆਪਣੇ ਗੋਤ ਗਿੱਲ ਨਾਲ ਰਾਇ ਸ਼ਬਦ ਨਵਾਂ ਜੋੜਿਆ ਜਿਹੜਾ ਇਸਨੂੰ ਸਿੱਧ ਪੁਰਸ਼ਾਂ ਤੋਂ ਪ੍ਰਾਪਤ ਹੋਇਆ ਸੀ।

ਇਸ ਚੌਧਰੀ ਦੀ ਵਿਸ਼ੇਸ਼ਤਾ ਸੀ ਕਿ ਇਹ ਹਰ ਸਾਲ ਭੰਡਾਰਾ ਕਰਦਾ ਹੁੰਦਾ ਸੀ। ਭੰਡਾਰੇ ਉੱਪਰ ਸਿੱਧ ਸਾਧੂਆਂ ਨੂੰ ਬੁਲਾ ਕੇ ਸੇਵਾ ਕਰਕੇ ਦਾਨ ਕਰਦਾ ਸੀ। ਇਹਨਾਂ ਸਾਧੂਆਂ ਨੇ ਖੁਸ਼ ਹੋ ਕੇ ਇਸਨੂੰ ਰਾਇ ਦੀ ਪਦਵੀ ਦਿੱਤੀ ਸੀ ਜੋ ਅੱਗੇ ਵੀ ਇਸ ਦੀ ਬੰਸ ਵਿਚ ਚੱਲੀ ਅੱਗੇ ਇਸ ਦਾ ਪੁੱਤਰ ਥਰੀਰਾਇ ਹੋਇਆ। ਜਿਸ ਨੇ ਆਪਣੇ ਪਿਤਾ ਦੀ ਰਾਇ ਪਦਵੀ ਨੂੰ ਹੋਰ ਅੱਗੇ ਤੋਰਿਆ ਅਤੇ ਆਪਣੇ ਪਿਤਾ ਵਾਂਗ ਸਾਧੂਆਂ, ਸਿੱਧ ਪੁਰਸ਼ਾਂ ਨਾਲ ਪਿਆਰ ਸਤਿਕਾਰ ਉਵੇਂ ਹੀ ਬਰਕਰਾਰ ਰੱਖਿਆ। ਇਸ ਚੌਧਰੀ ਨੇ ਕਈ ਲੜਾਈਆਂ ਭੱਟੀਆਂ ਅਤੇ ਹੋਰ ਤਪੇਦਾਰਾਂ ਨਾਲ ਲੜੀਆਂ ਅਤੇ ਆਪਣੀ ਪਿਤਾ ਪੁਰਖੀ ਚੌਧਰ ਦਾ ਘੇਰਾ ਹੋਰ ਵਿਸ਼ਾਲ ਕੀਤਾ। ਥਰੀਰਾਇ ਵੱਡੀ ਉਮਰ ਤੱਕ ਬੇ-ਔਲਾਦ ਹੀ ਰਿਹਾ। ਇਸ ਨੇ ਵੀ ਆਪਣੇ ਪਿਤਾ ਵਾਂਗ ਸਾਧੂ ਸਿੱਧਾਂ ਨੂੰ ਭੰਡਾਰੇ ਕੀਤੇ ਅਤੇ ਆਪਣੀ ਕੁੱਲ ਨੂੰ ਅੱਗੇ ਤੋਰਨ ਲਈ ਸਿੱਧ ਪੁਰਖਾਂ ਤੋਂ ਅਸ਼ੀਰਵਾਦ ਮੰਗਿਆ।

ਸਿੱਧਾਂ ਨੇ ਖੁਸ਼ ਹੋ ਕੇ ਥਰੀਰਾਇ ਨੂੰ ਵਰ ਦਿੱਤਾ ਸੀ। ਚੌਧਰੀ ਤੁਹਾਡੀ ਬੰਸ ਵਿਚ ਫਿਰ ਰਾਜਾ ਪੈਦਾ ਹੋਵੇਗਾ। ਇਹ ਰਾਜਾ ਸ਼ਾਹੀ ਵਸਤਰ ਧਾਰਨ ਨਹੀਂ ਕਰੇਗਾ ਪਰ ਉਸਦੇ ਬਚਨ ਹੀ ਸ਼ਾਸਤਰਾਂ ਵਾਂਗ ਚੱਲਣਗੇ। ਇਸ ਤੋਂ ਅਗਲਾ ਸਮਾਂ ਤੁਹਾਡੀ ਬੰਸ ਵਾਸਤੇ ਘਮਸਾਨ ਦੀਆਂ ਲੜਾਈਆਂ ਜੰਗਾਂ ਯੁੱਧਾਂ ਭਰਿਆ ਹੋਵੇਗਾ। ਫਿਰ ਵੀ ਆਪ ਦੀ ਬੰਸ ਹੋਰ ਅੱਗੇ ਵਧੇਗੀ।

ਇਸ ਬੰਸ ਵਿਚ ਅੱਗੇ ਇਕ ਮਹਾਂਪੁਰਸ਼ ਪੈਦਾ ਹੋਇਆ ਜਿਸ ਦੇ ਜਨਮ ਬਾਰੇ ਸਾਂਹਸੀ ਮਰਾਸੀਆਂ ਨੇ ਦੱਸਿਆ ਹੈ ਕਿ ਇਸ ਦਾ ਜਨਮ ਪੂਰਨਮਾਸ਼ੀ ਵਾਲੇ ਦਿਨ ਅੰਮ੍ਰਿਤ ਵੇਲੇ ਹੋਇਆ ਸੀ। ਜਿਸ ਸਮੇਂ ਇਸ ਦਾ ਜਨਮ ਹੋਇਆ ਸੀ (ਉਸ ਸਮੇਂ ਇਹ ਜੰਗਲੀ ਏਰੀਆ ਸੀ ਜੰਗਲਾਂ ਵਿਚ ਮਾਰੂ ਜਾਨਵਰ ਸ਼ੇਰ ਬਗੇਰੇ ਆਮ ਸਨ) ਜੰਗਲ ਵਿੱਚੋਂ ਸ਼ੇਰ ਦੀ ਭਵਕ ਦੀ ਆਵਾਜ਼ ਆਈ ਸੀ ਜੋ ਬਹੁਤ ਹੀ ਡਰਾਉਣੀ ਸੀ ਤੇ ਨਾਲ ਹੀ ਮੋਰਾਂ ਦੇ ਕੂਕਣ ਦੀ ਆਵਾਜ਼ ਵੀ ਆਈ ਸੀ। ਪਿਤਾ ਪਰਿਵਾਰ ਇਹਨਾਂ ਅਵਾਜ਼ਾਂ ਤੋਂ ਡਾਢੇ ਪ੍ਰੇਸ਼ਾਨ ਸਨ। ਉਹ ਆਪਣੀ ਵਿਚਾਰ ਅਨੁਸਾਰ ਡਰਾਉਣੀਆਂ ਆਵਾਜ਼ਾਂ ਨੂੰ ਬਦਸ਼ਗਨ ਸਮਝਦੇ ਸਨ।

ਪਿਤਾ ਥਰੀਰਾਇ ਨੇ ਫਿਰ ਸਾਧੂ ਪੁਰਖਾਂ ਨੂੰ ਆਪਣੇ ਘਰ ਬੁਲਾਇਆ ਤੇ ਜਨਮ ਸਮੇਂ ਦੀ ਸਾਰੀ ਘਟਨਾ ਬਾਰੇ ਦੱਸਿਆ ਤਾਂ ਸਾਧੂ ਮਹਾਂਪੁਰਸ਼ਾਂ ਨੇ ਕਿਹਾ ਭਾਈ ਇਸ ਵਿਚ ਪਰੇਸ਼ਾਨ ਹੋਣ ਵਾਲੀ ਕੋਈ ਗੱਲ ਨਹੀਂ। ਇਹ ਤਾਂ ਖੁਸ਼ੀ ਦੀਆਂ ਘੜੀਆਂ ਸਨ। ਤੁਸੀਂ ਪੁੱਤਰ ਜਨਮੇ ਦੀ ਖੁਸ਼ੀ ਮਨਾਈ ਹੈ। ਸ਼ੇਰਾਂ ਨੇ ਆਪਣੀ ਆਵਾਜ਼ ਰਾਹੀਂ ਇਸ ਦੇ ਬਹਾਦਰ ਹੋਣ ਦਾ ਸੰਕੇਤ ਦਿੱਤਾ ਹੈ ਅਤੇ ਮੋਰਾਂ ਦੇ ਕੂਕਣ ਦੀ ਆਵਾਜ਼ ਇਕ ਖੁਸ਼ੀ ਦਾ ਇਜ਼ਹਾਰ ਸੀ। ਮੋਰ ਨੂੰ ਸਭ ਤੋਂ ਵੱਧ ਖੁਸ਼ੀ ਕਾਲੇ-ਕਾਲੇ ਬੱਦਲਾਂ ਨੂੰ ਵੇਖ ਕੇ ਹੁੰਦੀ ਹੈ ਕਿ ਹੁਣ ਬਾਰਿਸ਼ ਦੀ ਬੂੰਦਾ ਬਾਂਦੀ ਹੋਵੇਗੀ। ਬੱਸ ਇਸ ਬਾਲਕ ਦੇ ਜਨਮ ਦੀ ਵੀ ਇਹਨਾਂ ਨੂੰ ਇਤਨੀ ਹੀ ਖੁਸ਼ੀ ਹੋਈ ਹੈ ਕਿ ਹੁਣ ਜੰਗਲ ਵਿਚ ਭਗਤੀ ਭਾਵਨਾ ਦੀ ਬੂੰਦਾ ਬਾਂਦੀ ਹੋਵੇਗੀ। ਇਹ ਉਹਨਾਂ ਦੀ ਖੁਸ਼ੀ ਦਾ ਇਜ਼ਹਾਰ ਸੀ।

ਰਾਜਾ ਪੀਰ ਜਵਾਨ ਹੋਇਆ। ਇਸ ਨੇ ਸ਼ੇਰਾਂ ਵਰਗੀ ਭਵਕ ਗਜਾਈ ਤਾਂ ਇਹਨਾਂ ਦੇ ਦੋਖੀ ਭੱਟੀ, ਬੈਰਾੜ, ਆਪੋ ਆਪਣੇ ਤੱਪਿਆਂ ਵਿਚ ਸੁੰਗੜ ਗਏ। ਅਨੇਕਾਂ ਲੜਾਈਆਂ ਇਸ ਸ਼ੇਰ ਰਾਜੇ ਨੇ ਲੜੀਆਂ ਅਤੇ ਮੈਦਾਨ ਵਿੱਚੋਂ ਫਤਿਹ ਹੀ ਪ੍ਰਾਪਤ ਹੋਈ।

ਟਾਂਡਾ ਮੀਂਡਾ ਪਿੰਡ ਬਰਬਾਦ ਹੋਣ 'ਤੇ ਬੇਸ਼ੱਕ ਗਿੱਲ ਦੱਖਣ ਦੀ ਕਤਰ ਵੱਲ ਨੂੰ ਧੱਕੇ ਗਏ ਸਨ ਪਰ ਪਾਣੀ ਵਾਲੀਆਂ ਢਾਬਾਂ ਤੋਂ ਇਹਨਾਂ ਨੇ ਆਪਣਾ ਕਬਜ਼ਾ ਨਹੀਂ ਛੱਡਿਆ ਸੀ।

ਜਿਵੇਂ ਕਿ (ਅੱਜ ਦੇ ਰਾਜਿਆਣੇ ਵਾਲੀ ਢਾਬ) ਰਾਜਿਆਣੇ ਵਾਲੀ ਢਾਬ ਜਿਸ ਤੋਂ ਇਹ ਲੋਗ ਪਾਣੀ ਦੀ ਲੋੜ ਪੂਰੀ ਕਰਦੇ ਸਨ।

ਰਾਜਾ ਪੀਰ ਦੇ ਅੱਠ ਪੁੱਤਰ ਸਨ। ਇਸ ਨੇ ਆਪਣੇ ਪੁੱਤਰਾਂ ਨੂੰ ਆਪਣੀ ਮਲਕੀਅਤ ਦੇ ਵਾਰਿਸ ਬਣਾ ਕੇ ਆਪ ਨੂੰ ਭਗਤੀ ਜੀਵਨ ਵੱਲ ਤੋਰ ਲਿਆ ਅਤੇ ਢਾਬ 'ਤੇ ਬੈਠ ਕੇ ਸਿੱਧ ਸਾਧੂਆਂ ਨਾਲ ਵਿਚਾਰਾਂ ਗੋਸ਼ਟੀਆਂ ਕਰਨ ਲੱਗਾ।

ਸੰਗਰ ਬੈਰਾੜ ਆਪਣੇ ਪੁੱਤਰਾਂ ਸਮੇਤ ਪੰਜ ਗਰਾਈਂ ਟਿਕਿਆ ਹੋਇਆ ਸੀ। ਸੰਗਰ ਬਹੁਤ ਸਿਆਣਾ ਦੂਰਦਰਸ਼ੀ ਵਿਅਕਤੀ ਸੀ। ਇਸਨੇ ਚੜ੍ਹਦੇ ਸੂਰਜ ਨੂੰ ਹੀ ਸਲਾਮ ਕੀਤੀ ਸੀ। ਇਸ ਨੇ ਮੁਗਲ ਸ਼ਾਹੀ ਘਰਾਣਿਆਂ ਨਾਲ ਬੜੀ ਨੇੜਤਾ ਰੱਖੀ ਸੀ। ਇਹ ਬੈਰਾੜ ਚੌਧਰੀ ਆਪਣੀਆਂ ਫੌਜਾਂ ਲੈ ਕੇ ਬਾਬਰ ਨੂੰ ਲਾਹੌਰ ਦੇ ਮੁਕਾਮ ਜਾ ਮਿਲਿਆ ਸੀ ਅਤੇ ਪਾਣੀਪਤ ਦੇ ਮੈਦਾਨ ਵਿਚ 1526 ਈ. ਵਿਚ ਬਾਬਰ ਨਾਲ ਹੋ ਕੇ ਇਬਰਾਹੀਮ ਲੋਧੀ ਦੇ ਉਲਟ ਲੜਿਆ ਸੀ। ਇਹ ਦੂਰਅੰਦੇਸ਼ੀ ਚੌਧਰੀ ਜਿਸ ਕੋਲ ਉਸ ਸਮੇਂ ਦੀ ਲੜਾਈ ਵਿਚ ਕੰਮ ਆਉਣ ਵਾਲਾ ਹਰ ਹਥਿਆਰ ਅਤੇ ਲੜਾਕੂ ਸਨ, ਹਜ਼ਾਰਾਂ ਵਿਚ ਇਸ ਕੋਲ ਮਾਲ ਡੰਗਰ ਉਸ ਸਮੇਂ ਦੀ ਜਾਇਦਾਦ ਸੀ।

ਬਾਬਰ ਤੋਂ ਬਾਅਦ ਸੰਗਰ ਬੈਰਾੜ ਹਿਮਾਯੂੰ ਦੇ ਵੀ ਨੇੜੇ ਰਿਹਾ। ਪਰ ਜਦ ਹਿਮਾਯੂੰ ਕੋਲੋਂ ਰਾਜ ਭਾਗ ਖੁੱਸ ਗਿਆ ਸੀ। ਉਸ ਸਮੇਂ ਵੀ ਸੰਗਰ ਨੇ ਮੁਗਲਾਂ ਨਾਲ ਦੋਸਤੀ ਨਹੀਂ ਤੋੜੀ ਸੀ ਪਰ ਸੰਗਰ ਹਿਮਾਯੂੰ ਦੀ ਤਰਫੋਂ ਸ਼ੇਰ ਸ਼ਾਹ ਸੂਰੀ ਨਾਲ ਲੜਿਆ ਸੀ। ਇਸ ਦੂਰ ਅੰਦੇਸ਼ੀ ਨਾਲ ਹੀ ਸੰਘਰ ਨੇ ਲੱਖੀ ਜੰਗਲ ਦੇ ਪੱਛਮੀ ਸਿਰੇ 'ਤੇ ਪੁਰਾਣੇ ਪਿੰਡ ਕਿਉਲ ਦੇ ਸਥਾਨ 'ਤੇ 'ਚੱਕਰਾਨ' ਪਿੰਡ ਆਬਾਦ ਕੀਤਾ ਸੀ।

ਗਲੌਸਰੀ ਆਫ ਦੀ ਟਰਾਈਬਜ਼ ਐਂਡ ਕਾਸਟਸ ਵਾਲੀਅਮ-2 ਪੇਜ 360 ਅਨੁਸਾਰ ਪੁਰਾਣੇ ਕਿਉਲ ਪਿੰਡ ਦਾ ਫਤਿਹ ਖਾਨ ਇਕ ਮਸ਼ਹੂਰ ਜੱਟ ਸੀ। ਜੋ ਸ਼ੇਰ ਸ਼ਾਹ ਸੂਰੀ ਸਮੇਂ ਹੋਇਆ ਸੀ। ਇਹ ਹੈ ਤਾਂ ਜੱਟ ਬਿਰਾਦਰੀ ਵਿੱਚੋਂ ਸੀ ਪਰ ਇਸ ਨੂੰ ਲੁੱਟਾਂ ਮਾਰਾਂ ਕਰਨ ਕਰਕੇ ਸਮੇਂ ਦੇ ਹਾਕਮਾਂ ਨੇ ਕੈਦ ਕਰ ਲਿਆ ਸੀ ਪਰ ਇਹ ਏਨਾ ਚੁਸਤ ਚਲਾਕ ਸੀ ਕਿ ਇਸਨੇ ਸਮੇਂ ਦੇ ਹਾਕਮ ਨਾਲ ਗੱਲਬਾਤ ਕਰਕੇ ਧਰਮ ਤਬਦੀਲ ਕਰ ਲਿਆ ਸੀ ਅਤੇ ਫਤਿਹ ਖਾਨ ਬਣ ਗਿਆ ਸੀ।

ਸੰਗਰ ਫੱਤੂ ਬੈਰਾੜ ਦਾ ਪੁੱਤਰ ਸੀ। ਫੱਤੂ ਬੈਰਾੜ ਬਾਰੇ ਵੀ ਬੜਾ ਲਿਖਿਆ ਮਿਲਦਾ ਹੈ ਕਿ ਇਹ ਖੁਰਾਸਨੀ ਪਠਾਣਾਂ ਦਾ ਚੰਗਾ ਦੋਸਤ ਸੀ। ਗਜ਼ਟੀਅਰ ਆਫ ਇੰਡੀਆ ਵਾਲੀਅਮ-2 ਪੇਜ 367 'ਤੇ ਲਿਖਿਆ ਹੈ ਕਿ ਬਾਦਸ਼ਾਹ ਇਬਰਾਹੀਮ ਇਸਦੀ ਬਹੁਤ ਇੱਜ਼ਤ ਕਰਦਾ ਸੀ। ਇਸ ਬੈਰਾੜ ਦਾ ਨਾਂ ਤਾਂ ਫੱਤੂ ਸੀ ਪਰ ਚੌਧਰ ਮਿਲਣ ਤੇ ਇਹ ਫੱਤੂ ਰਾਓ ਹੋ ਗਿਆ। ਪਰ ਬਾਦਸ਼ਾਹ ਇਬਰਾਹੀਮ ਇਸਨੂੰ ਆਦਰ ਨਾਲ ਫਤਿਹ ਖਾਨ ਆਖਦਾ ਸੀ।

ਸੰਘਰ ਬੈਰਾੜ ਦੀਆਂ ਦੋ ਰਾਣੀਆਂ ਸਨ। ਸੰਘਰ ਦਾ ਇਕ ਭਾਈ ਲੰਗਰ ਸੀ ਜੋ ਇਕ ਮੁਹਿੰਮ ਵਿਚ ਸ਼ਹੀਦ ਹੋ ਗਿਆ ਸੀ।

ਆਇਨਾ ਏ ਬੈਰਾੜ ਬੰਸ ਅਨੁਸਾਰ ਸੰਘਰ ਨੇ ਲੰਗਰ ਦੀ ਵਿਧਵਾ ਨਾਲ ਉਸ ਸਮੇਂ ਦੇ ਰਿਵਾਜ਼ ਅਨੁਸਾਰ ਕਰੇਵਾ ਕਰ ਲਿਆ ਸੀ। ਸੰਗਰ ਦੇ ਚੌਦਾਂ ਪੁੱਤਰ ਸਨ। ਅੱਠ ਪਹਿਲੀ ਰਾਣੀ ਅਤੇ ਛੇ ਦੂਜੀ ਰਾਣੀ ਦੇ ਪੇਟੋਂ ਸਨ। ਇਸਦੀ ਇਕ ਸਪੁੱਤਰੀ ਬੀਬੀ ਚਾਇਆ ਵੀ ਸੀ। ਜਿਸ ਦੇ ਵਿਆਹ ਦੀ ਅਲੌਕਿਕ ਕਹਾਣੀ ਅੱਗੇ ਲਿਖੀ ਜਾਵੇਗੀ। ਕਿਉਂਕਿ ਇਹ ਸੰਘਰ ਬੈਰਾੜ ਦੀ ਸਪੁੱਤਰੀ ਸਿੰਘੂ ਗਿੱਲ ਜੋ ਵੈਰਸੀ ਸੀ ਗਿੱਲਾਂ ਨਾਲ ਸਬੰਧਿਤ ਹੈ, ਨਾਲ ਵਿਆਹੀ ਹੋਈ ਸੀ।

ਸੰਘਰ ਦੇ ਚੌਦਾਂ ਪੁੱਤਰਾਂ ਵਿੱਚੋਂ ਭੱਲਣ ਦੀ ਬੰਸ ਕੋਈ ਨਹੀਂ। ਇਹ ਜੰਗੇ ਮੈਦਾਨ ਵਿਚ ਸ਼ਹੀਦ ਹੋ ਗਿਆ ਸੀ। ਭੱਲਣ, ਯੱਕੋ, ਪੈਰੋ ਅਤੇ ਵਰਯਾਰ ਇਹ ਚਾਰੇ ਭਰਾ ਹੀ ਸੰਘਰ ਬੈਰਾੜ ਨਾਲ ਲੜਾਈਆਂ ਵਿਚ ਹਾਜ਼ਰ ਰਹਿੰਦੇ ਸਨ।

ਭੱਲਣ ਦਾ ਦੂਜਾ ਭਾਈ ਲਾਲਾ ਸੀ। ਜਿਸਦੀ ਬੰਸ ਚੌਧਰੀ ਕਪੂਰਾ ਹੋਇਆ। ਯੱਕੋ ਪੈਰੋ ਦੀ ਔਲਾਦ ਜਮਨਾ ਕਿਨਾਰੇ ਵਸਦੀ ਹੈ, ਜ਼ਿਲ੍ਹਾ ਕਰਨਾਲ ਵਿਚ। ਸੂਰਤੀਆ ਦੀ ਔਲਾਦ ਪਿੰਡ ਮੰਗੇਵਾਲਾ, ਵੱਡਾ ਘਰ, ਬਘੇਲੇ ਵਾਲਾ ਵਿਚ ਰਹਿ ਰਹੀ ਹੈ। ਗਿਆਨਾ ਦੀ ਔਲਾਦ ਭਲੂਰ, ਜਿਉਣ ਵਾਲਾ, ਹੱਸਨ ਭੱਟੀ, ਨਾਥੇ ਵਾਲਾ ਵਿਚ ਆਬਾਦ ਹ। ਉਗਰਾ ਦੀ ਬੰਸ ਦੋਨੋ ਚੰਦ, ਦੋਨੋ ਲੰਗਿਆਣੇ, ਦੋਨੋ ਆਲਮ ਵਾਲੇ, ਚੋਟੀਆਂ, ਬਾਘਾਪੁਰਾਣਾ ਵਿਚ ਆਬਾਦ ਹੈ। ਧੁਨੀ ਦੀ ਬੰਸ ਮਾਝੇ ਵਿਚ ਅਤੇ ਦਾਰਾਪੁਰ ਆਦਿ ਪਿੰਡਾਂ ਵਿਚ ਵਸਦੀ ਹੈ। ਰਾਮਲ ਦੀਂ ਲਾਦ ਘੁੱਦੂ ਵਾਲਾ, ਮਹਿਮੂਵਾਲਾ, ਖਾਰਾ, ਮੱਲਣ, ਮਾਨੀਵਾਲਾ, ਉਦੇਕਰਨ, ਕੋਟਲੀ, ਸੋਭਾ ਸਿੰਘ ਅਤੇ ਬੀਕਾਨੇਰ ਦੇ ਇਲਾਕੇ ਵਿਚ ਵੀ ਆਬਾਦ ਹੈ।

ਜੋਧਾ ਦੀ ਔਲਾਦ ਛੋਟੀਆਂ ਪੰਜ ਗਰਾਈਆਂ, ਰੋਡੇ, ਲੰਡੇ, ਥਰਾਜ, ਸਮਾਲਸਰ, ਰਾਜਿਆਣਾ, ਦਾਤੇਵਾਲਾ, ਕੋਟਲਾ, ਚੰਨੂੰਵਾਲਾ, ਬੁੱਧ ਸਿੰਘ ਵਾਲਾ, ਵੈਰੋਕੇ, ਘਣੀਏ ਵਾਲਾ ਆਦਿ ਪਿੰਡਾਂ ਵਿਚ ਵਸਦੀ ਹੈ। ਇਹ ਜੋਧਾ ਸਾਰੇ ਭਰਾਵਾਂ ਤੋਂ ਛੋਟਾ ਸੀ। ਸੂਝਵਾਨ, ਸਿਆਣਾ ਅਤੇ ਗਿਆਨਵਾਨ ਹੋਣ ਕਰਕੇ ਇਹ ਜੰਗਲ ਖਿੱਤੇ ਵਿਚ ਮਾਲ ਡੰਗਰ ਚਾਰਿਆ ਕਰਦਾ ਸੀ। ਇਸ ਜੋਧੇ ਨੂੰ ਪੈੜ ਕੱਢਣ ਦਾ ਬਹੁਤ ਗਿਆਨ ਸੀ। ਇਸੇ ਕਰਕੇ ਇਹ ਜੰਗਲ ਵਿਚ ਮਾਲ ਚਾਰਦਾ ਹੁੰਦਾ ਸੀ। ਜੇ ਕੋਈ ਪਸ਼ੂ ਔਟਲ ਜਾਵੇ ਤਾਂ ਇਹ ਭਾਲ ਲੈਂਦਾ ਸੀ। ਇਸੇ ਤਰ੍ਹਾਂ ਹੀ ਇਕ ਦਿਨ ਘਟਨਾ ਵਾਪਰੀ। ਜੋਧਾ ਪਸ਼ੂਆਂ ਦੇ ਵੱਗ ਨੂੰ ਦੂਰ ਜੰਗਲ ਵਿਚ ਲੈ ਗਿਆ। ਸ਼ਾਮ ਨੂੰ ਜਦ ਪਸ਼ੂਆਂ ਦੀ ਗਿਣਤੀ ਕੀਤੀ ਤਾਂ ਕਈ ਪਸ਼ੂ ਘੱਟ ਸਨ। ਜੋਧਾ ਪੈੜਾਂ ਮਗਰ ਲੱਗ ਕੇ ਪਸ਼ੂਆਂ ਦੀ ਭਾਲ ਕਰਨ ਲੱਗਾ। ਪੈੜ ਚੱਲਦੀ ਚੱਲਦੀ ਅੱਜ ਦੇ ਰਾਜਿਆਣਾ ਵੱਲ ਨੂੰ ਆ ਗਈ ਅਤੇ ਇਕ ਢਾਬ ਤੋਂ ਅੱਗੇ ਪੈੜ ਨਾ ਤੁਰੀ। ਜੋਧੇ ਨੇ ਢਾਬ ਤੋਂ ਪਾਣੀ ਪੀਤਾ ਅਤੇ ਢਾਬ ਵਾਲੇ ਸੰਤਾਂ ਤੋਂ ਪਸ਼ੂਆਂ ਬਾਰੇ ਪੁੱਛਿਆ ਤਾਂ ਸਿੱਧ ਪੁਰਖਾਂ ਨੇ ਕਿਹਾ ਕਿ ਭਾਈ ਜੰਗਲ ਵਿਚ ਸ਼ੇਰ ਬਘੇਰੇ ਫਿਰਦੇ ਹਨ ਕੋਈ ਘਟਨਾ ਵਾਪਰ ਗਈ ਹੋਵੇਗੀ।

ਪਸ਼ੂ ਨਾ ਮਿਲਣ ਦੇ ਗ਼ਮ ਵਿਚ ਬਾਬਾ ਜੋਧਾ ਮਾਲ ਡੰਗਰ ਲੈ ਘਰ ਆ ਗਿਆ ਅਤੇ ਪਸ਼ੂ ਗਵਾਚਣ ਦੀ ਸਾਰੀ ਕਹਾਣੀ ਭਰਾਵਾਂ ਨੂੰ ਦੱਸੀ। ਪਸ਼ੂ ਨਾ ਮਿਲਣ 'ਤੇ ਭਾਲ ਵਿਚ ਇਕ ਢਾਬ ਦੇ ਮਿਲਣ ਬਾਰੇ ਵੀ ਦੱਸਿਆ ਅਤੇ ਉਸ ਢਾਬ 'ਤੇ ਗਿੱਲਾਂ ਦੇ ਕਬਜ਼ਾ ਬਾਰੇ ਵੀ ਵਿਚਾਰਾਂ ਹੋਈਆਂ।

ਪਸ਼ੂਆਂ ਦੇ ਗਵਾਚਣ ਨੇ ਭਰਾਵਾਂ ਵਿਚ ਫੁੱਟ ਦਾ ਬੀਜ ਬੀਜ ਦਿੱਤਾ। ਫਸਲ ਵਿਚਲੇ ਕੱਖਾਂ ਵਾਂਗੂੰ ਉਪਰੋਂ ਦੀ ਪਈ ਫੁੱਟ ਭਰਾਵੀਂ ਪਿਆਰ ਮਿੱਧ ਕੇ ਈਰਖਾ ਵਿਚ ਉੱਤਰ ਆਈ।

ਚੋਰੀ ਹੋਏ ਪਸ਼ੂ ਬਾਬੇ ਜੋਧੇ ਦੇ ਹਿੱਸੇ ਪਾ ਦਿੱਤੇ ਗਏ। ਕਿਹਾ ਕਿ ਇਹ ਤੇਰੀਆਂ ਅਣਗਹਿਲੀਆਂ ਕਾਰਨ ਹੀ ਗਵਾਚੇ ਹਨ। ਪਿਤਾ ਦਾ ਸਾਇਆ ਸਿਰ ਤੇ ਨਾ ਹੋਣ ਕਰਕੇ ਭਰਾਵਾਂ ਨੇ ਕਹਿ ਦਿੱਤਾ ਕਿ ਇਹ ਹਾੜਾ ਤਾਂ ਝੱਲਣਾ ਹੀ ਪਵੇਗਾ। ਜੇ ਇਕੱਠ ਵਿਚ ਨਹੀਂ ਰਹਿਣਾ ਤਾਂ ਆਪਣਾ ਵੱਖਰਾ ਪਿੰਡ ਬੰਨ੍ਹ ਲਵੋ। ਸਾਰੇ ਭਰਾਵਾਂ ਤੋਂ ਛੋਟਾ ਹੋਣ ਕਰਕੇ ਇਹ ਵੀ ਇਕ ਤਾਹਨਾ ਹੀ ਸੀ। ਇਹ ਭਲਾ ਕਿੱਥੇ ਜਾਵੇਗਾ? ਇਸ ਜੋਧੇ ਨੇ ਭਰਾਵੀਂ ਵੰਡ ਕਰਵਾਈ। ਜੋ ਵੀ ਮਾਲ ਡੰਗਰ ਹਿੱਸੇ ਆਇਆ ਲੈ ਕੇ ਜੰਗਲ ਵੱਲ ਤੁਰ ਪਿਆ। ਇਸ ਜੰਗਲੀ ਪੰਧ ਨੂੰ ਤਾਂ ਇਹ ਨਿੱਤ ਹੀ ਨਾਪਦਾ ਸੀ। ਫਰਕ ਸਿਰਫ਼ ਏਨਾ ਸੀ ਕਿ ਅੱਜ ਇਹ ਆਪਣੀ ਵੱਖਰੀ ਹੋਂਦ ਲੈ ਕੇ ਇਕ ਵੱਖਰੀ ਬਸਤੀ ਵਸਾਉਣ ਨਿਕਲਿਆ ਸੀ।

ਇਕ ਦਿਨ ਹੀ ਪਹਿਲਾਂ ਦੇਖੀ ਢਾਬ ਉਸਨੂੰ ਬਾਰ-ਬਾਰ ਯਾਦ ਆ ਰਹੀ ਸੀ ਤੇ ਉਸ ਢਾਬ ਤੇ ਬੈਠੇ ਸਿੱਧ ਬਾਰੇ ਵੀ ਉਹ ਡੂੰਘੀ ਸੋਚ ਵਿਚ ਸੀ। ਦੇਖੀ ਭਾਲੀ ਢਾਬ ਦੇ ਪੰਧ ਨੂੰ ਮੁਕਾ ਬਾਬਾ ਢਾਬ ਦੇ ਇਕ ਪਾਸੇ ਦੂਰ ਹੀ ਰੁਕ ਗਿਆ। ਪੁੱਤ ਪਰਿਵਾਰ ਬੈਲ ਗੱਡੀਆਂ ਕੋਲ ਰੁਕ ਗਏ। ਬਾਬਾ ਜੋਧਾ ਨੇ ਢਾਬ 'ਤੇ ਪਹੁੰਚ ਕੇ ਕੁਝ ਰਾਹਤ ਮਹਿਸੂਸ ਕੀਤੀ। ਢਾਬ ਤੋਂ ਪਾਣੀ ਪੀਤਾ ਅਤੇ ਇਕ ਆਸ ਲੈ ਕੇ ਸੰਤ ਦੀ ਕੁਟੀਆ ਵੱਲ ਹੋ ਤੁਰਿਆ। ਸਿੱਧ ਪੁਰਸ਼ਾਂ ਤੋਂ ਆਪਣੇ ਪ੍ਰਯੋਜਨ ਬਾਰੇ ਆਸ਼ੀਰਵਾਦ ਲੈਣ ਲਈ ਕੁਟੀਆ ਦੇ ਦਰ ਤੇ ਜਾ ਫਰਿਆਦ ਬੁਲਾਈ ਤੇ ਬੈਠ ਗਿਆ। ਕੁਝ ਸਮਾਂ ਬੈਠਣ ਤੇ ਸਿੱਧ ਪੁਰਸ਼ ਨੇ ਬਚਨ ਕੀਤਾ ਕਿ ਭਾਈ ਕੀ ਪ੍ਰਯੋਜਨ ਹੈ ਤੁਹਾਡਾ ਸੁਣਾਓ। ਬਾਬਾ ਜੋਧਾ ਸਿੱਧ ਪੁਰਸ਼ ਦੇ ਹੋਰ ਨੇੜੇ ਹੋ ਗਿਆ ਅਤੇ ਆਪਣੀ ਬੀਤੀ ਗਾਥਾ ਸਿੱਧ ਪੁਰਸ ਕੋਲ ਗਲੋਟੇ ਦੇ ਉਧੇੜ ਵਾਂਗ ਸੁਣਾ ਦਿੱਤੀ। ਜਿਸਨੂੰ ਸੁਣ ਕੇ ਸਿੱਧ ਪੁਰਸ਼ ਅੱਗ ਬਬੂਲਾ ਹੋ ਗਿਆ ਅਤੇ ਬੋਲਿਆ ਉਹ ਇਸ ਢਾਬ ਕਿਨਾਰੇ ਪਿੰਡ ਨਹੀਂ ਬੱਝਣ ਦੇਵੇਗਾ। ਇਹ ਨਿਰੀ ਢਾਬ ਹੀ ਨਹੀਂ ਇਹ ਸਾਡੀ ਗਿੱਲਾਂ ਦੀ ਆਪਣੀ ਵਿਰਾਸਤ ਵੀ ਹੈ। ਤੁਸੀਂ ਲੋਕ ਜਿੱਧਰੋਂ ਆਏ ਹੋ ਉੱਧਰ ਹੀ ਚਲੇ ਜਾਓ। ਬਾਬਾ ਜੋਧਾ ਆਪਣੀ ਬੈਰਾੜ ਜੱਟ ਅੜੀ ਕਰੀ ਖੜ੍ਹਾ ਸੀ। ਤੇ ਸਿੱਧ ਪੁਰਸ਼ ਇਹ ਸਾਰਾ ਕੁਝ ਦੇਖ ਕੇ 'ਵਰ' ਸਰਾਪ ਵਾਲੀ ਪਾਲਿਸੀ ਲਾਗੂ ਕਰਨ ਲਈ ਕਹਿ ਰਿਹਾ ਸੀ।

ਬਾਬੇ ਜੋਧੇ ਨੇ ਫਿਰ ਸਿੱਧ ਪੁਰਸ਼ ਨੂੰ ਕਹਿ ਹੀ ਦਿੱਤਾ ਕਿ ਬਾਬਾ ਸਿੱਧ ਜੀ ਵਰ ਦੇਵੋ ਜਾਂ ਸਰਾਪ ਪੁੱਤ ਪਰਿਵਾਰ ਨੇੜੇ ਹੀ ਖੜ੍ਹਾ ਹੈ। ਭਾਈਆਂ ਨੇ ਘਰੋਂ ਕੱਢ ਦਿੱਤਾ ਹੈ ਤੇ ਆਪ ਸਾਡੇ 'ਤੇ ਦਇਆ ਕਰੋ। ਅਸੀਂ ਆਪਦੇ ਅਹਿਸਾਨਮੰਦ ਰਹਾਂਗੇ ਅਤੇ ਆਪਦੀ ਖਿਦਮਤ ਵੀ ਕਰਦੇ ਰਹਾਂਗੇ। ਇਸ ਤਰ੍ਹਾਂ ਵਾਦ-ਵਿਵਾਦ ਚਲਦਾ ਰਿਹਾ। ਦੂਜੀ ਰਾਤ ਨੂੰ ਸਿੱਧ ਪੁਰਸ਼ ਇਥੋਂ ਚਲਾ ਗਿਆ ਅਤੇ ਬੈਰਾੜ ਪਰਿਵਾਰ ਨੇ ਖੁਸ਼ੀ ਮਨਾਈ। ਸਾਰਾ ਟੋਲਾ ਢਾਬ ਕਿਨਾਰੇ ਡੇਰਾ ਜਮਾ ਕੇ ਬੈਠ ਗਿਆ।

(ਚਲਦਾ)